# ਨਾਟਕ ਖੇਤਰ ਵਿਚ ਦੋ ਜ਼ਿਕਰਯੋਗ ਪ੍ਰਾਪਤੀਆਂ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ 29.9.2000



ਅੱਜ ਨਾਟਕ ਖੇਤਰ ਵਿਚ ਦੋ ਪ੍ਰਾਪਤੀਆਂ ਦਾ ਜ਼ਿਕਰ ਕਰਨਾ ਬਣਦਾ ਹੈ। ਇਕ ਲੁਧਿਆਣਾ ਜ਼ਿਲਾ ਵਿਚ ਰਾਏਕੋਟ ਵਿਖੇ ਥੀਏਟਰ ਨਾਲ ਵਚਨਬੱਧ ਇਕ ਨਾਟਕ ਗਰੁੱਪ ਦਾ ਸਥਾਪਤ ਹੋਣਾ ਅਤੇ ਦੂਜੀ ਡਾ. ਕਮਲੇਸ਼ ਉੱਪਲ ਦੀ ਕਿਤਾਬ 'ਥੀਏਟਰ ਦੇ ਥੰਮ੍ਹ' ਦਾ ਛਪ ਕੇ ਬਾਹਰ ਆਉਣਾ, ਜੋ ਨਾਟਕ ਦੇ ਵਿਦਿਆਰਥੀਆਂ ਲਈ ਇਕ ਬੜੀ ਹੀ ਲੋੜੀਂਦੀ ਕਿਤਾਬ ਹੋਣ ਦੀ ਸੰਭਾਵਨਾ ਰਖਦੀ ਹੈ।

ਪੰਜਾਬੀ ਨਾਟਕ ਨਾਲ ਸਬੰਧਤ ਕੁਝ ਨਾਟਕਕਾਰਾਂ ਅਤੇ ਨਿਰਦੇਸ਼ਕਾਂ ਦਾ ਹਮੇਸ਼ਾ ਇਹ ਵਿਚਾਰ ਰਿਹਾ ਹੈ ਕਿ ਪੰਜਾਬੀ ਨਾਟਕ ਦਾ ਵਿਕਾਸ ਉਸ ਵੇਲੇ ਹੀ ਸਹੀ ਅਰਥਾਂ ਵਿਚ ਗਿਣਿਆ ਜਾਵੇਗਾ ਜਦੋਂ ਦਰਸ਼ਕ ਟਿਕਟਾਂ ਲੈ ਕੇ ਨਾਟਕ ਵੇਖਣ ਆਉਣਗੇ। ਹਰਪਾਲ ਟਿਵਾਣਾ ਆਪਣੇ ਨਾਟਕ ਸਫਰ ਵਿਚ ਸ਼ੁਰੂ ਤੋਂ ਹੀ ਇਸ ਵਿਚਾਰ ਦਾ ਧਾਰਨੀ ਹੈ ਅਤੇ ਉਸ ਨੇ ਇਸ ਦਿਸ਼ਾ ਵਿੱਚ ਯਤਨ ਵੀ ਕੀਤੇ ਹਨ। ਇਸੇ ਵਿਚਾਰ ਦੇ ਅਧੀਨ ਰਾਏਕੋਟ ਵਿਚ ਇਕ ਨਵੇਂ ਕੇਂਦਰ ਨੇ ਆਪਣੀ ਸਥਾਪਨਾ ਕੀਤੀ ਹੈ ਅਤੇ ਪ੍ਰਾਪਤੀਆਂ ਵੀ ਕੀਤੀਆਂ ਹਨ। ਇਹ ਨਾਟਕ ਕੇਂਦਰ ਬਲਬੀਰ ਬੱਲੀ ਦੀ ਸਰਪ੍ਰਸਤੀ ਥੱਲੇ ਕੰਮ ਕਰ ਰਿਹਾ ਹੈ ਅਤੇ ਕੇਂਦਰ ਦਾ ਨਾਂ 'ਸਿਰਜਣਾ ਆਰਟ ਗਰੁੱਪ' ਰਾਏਕੋਟ ਹੈ। ਇਸ ਗਰੁੱਪ ਨੇ ਸਥਾਨਕ ਮਿਲਨ ਪੈਲੇਸ ਵਿਚ 26 ਅਗਸਤ, 2000 ਵਿਚ ਆਪਣਾ ਪਹਿਲਾ ਟਿਕਟ ਸ਼ੋਅ ਕੀਤਾ ਹੈ। ਇਸ ਨਾਟਕ ਗਰੁੱਪ ਦਾ ਇਹ ਦਾਅਵਾ ਹੈ ਕਿ ਥੀਏਟਰ ਨੂੰ ਜਿਉਂਦਾ ਰਹਿਣ ਲਈ ਕਿਸੇ ਰਾਜਨੀਤਕ ਪਾਰਟੀ ਜਾਂ ਗੈਰ-ਰਾਜਨੀਤਕ ਸੰਗਠਨ ਦੀ ਲੋੜ ਨਹੀਂ ਸਗੋਂ ਕਈ ਮਾਰੂ ਨੀਤੀਆਂ ਤੋਂ ਆਪਣਾ ਬਚਾਅ ਕਰਨਾ ਜ਼ਰੂਰੀ ਹੈ, ਭਾਵੇਂ ਉਹ ਇਹ ਮੰਨਣ ਤੋਂ ਇਨਕਾਰੀ ਨਹੀਂ ਕਿ ਰਾਜਸੀ ਥੀਏਟਰ ਦੀ ਪੰਜਾਬੀ ਥੀਏਟਰ ਵਿਚ ਆਪਣੀ ਇਕ ਵਿਸ਼ੇਸ਼ ਥਾਂ ਹੈ।

26 ਅਗਸਤ, ਮਿਲਨ ਮੈਰਿਜ ਪੈਲੇਸ ਵਿਚ ਜੋ ਮੰਚ ਪੇਸ਼ਕਾਰੀ ਹੋਈ, ਉਹ ਗਦਰੀ ਬਾਬਿਆਂ ਨੂੰ ਸਮਰਪਿਤ ਸੀ। ਜਿਸ ਤਰ੍ਹਾਂ ਉਤੇ ਦੱਸਿਆ ਹੈ ਕਿ ਇਹ ਗਰੁੱਪ ਬਲਬੀਰ ਬੱਲੀ ਦੀ ਸਰਪ੍ਰਸਤੀ ਥੱਲੇ ਕੰਮ ਕਰ ਰਿਹਾ ਹੈ ਅਤੇ ਉਹਦੇ ਸਾਥੀ ਨਾਟਕ ਨਿਰਦੇਸ਼ਕ ਅਤੇ ਅਦਾਕਾਰ ਸੋਮਪਾਲ ਹੀਰਾ ਅਤੇ ਗੀਤਕਾਰ ਚਮਕੌਰ ਸਿੰਘ ਛਿੱਬਰ ਹਨ। ਉਹ ਆਪਣੀ ਕਰਤਬੀ ਕਲਾ (ਇਹ ਸ਼ਬਦ ਪਿਛਲੇ ਪੰਦਰਵਾੜੇ ਦੇ ਕਾਲਮ ਵਿਚ ਗਲਤੀ ਨਾਲ 'ਕਰਤਾਰੀ ਕਲਾ' ਛਪ ਗਿਆ ਸੀ, ਗਲਤੀ ਲਈ ਖਿਮਾ ਦਾ ਜਾਚਕ ਹਾਂ) ਵਿਚ ਕਲਾ ਜੁਗਤਾਂ ਦੀ ਵਰਤੋਂ ਕਰਕੇ ਆਪਣੀ ਸਿਰਜਣਾ ਨੂੰ ਪ੍ਰਭਾਵਸ਼ਾਲੀ ਬਣਾਉਣ ਦਾ ਯਤਨ ਕਰਦੇ ਹਨ। ਇਹ ਉਨ੍ਹਾਂ ਦੀ ਵਿਸ਼ੇਸ਼ ਸ਼ੈਲੀ ਹੈ। 26 ਅਗਸਤ ਜੋ ਕਲਾ ਕਿਰਤਾਂ ਪੇਸ਼ ਕੀਤੀਆਂ ਗਈਆਂ, ਉਨ੍ਹਾਂ ਉਤੇ ਵੀ ਇਸ ਸ਼ੈਲੀ ਦੀ ਮੋਹਰ ਸੀ। ਜਗਦੇਵ ਕਲਸੀ ਦੀ ਇਕ ਰਿਪੋਰਟ ਅਨੁਸਾਰ ਪ੍ਰੋਗਰਾਮ ਦਾ ਆਰੰਭ ਸਹੀ ਸੱਤ ਵਜੇ (ਪ੍ਰੋਗਰਾਮ ਸਹੀ ਸਮੇਂ 'ਤੇ ਸ਼ੁਰੂ ਕਰਨਾ ਸੰਜੀਦਾ ਥੀਏਟਰ ਦੀ ਸਾਰਿਆਂ ਨਾਲੋਂ ਮਹੱਤਵਪੂਰਨ ਲੋੜ ਹੈ) ਹੋਇਆ ਜਦੋਂ ਚਮਕੌਰ ਛਿੱਬਰ ਨੇ ਆਪਣੀਆਂ ਲੰਮੀਆਂ-ਲੰਮੀਆਂ ਹੇਕਾਂ ਦੁਆਰਾ 'ਬੋਲ ਮਿੱਟੀ ਦੇ ਬਾਵਿਆ' ਗਾ ਕੇ ਆਲਮ ਲੁਹਾਰ ਨੂੰ ਜੀਵਤ ਕਰ ਦਿੱਤਾ। ਫਿਰ ਸੋਮਪਾਲ ਹੀਰਾ/ਚਮਕੌਰ ਛਿੱਬਰ ਦੀ ਨਿਰਦੇਸ਼ਨਾ ਹੇਠ ਕਲਾਕਾਰਾਂ ਨੇ ਸੰਗੀਤਕ ਨਾਟਕ 'ਧੀਆਂ ਦੇ ਦਰਦ' ਰਾਹੀਂ ਬਾਹਰਲੇ ਦੇਸ਼ਾਂ ਵੱਲ ਪੰਜਾਬੀਆਂ ਵਲੋਂ ਦੌੜ ਵਿਚ ਧੀਆਂ ਨੂੰ ਪੌੜੀ ਬਣਾ ਬਾਪ ਦੀ ਉਮਰ ਦੇ ਸਲਵਾਨ ਨਾਲ ਨੂੜਨ ਅਤੇ ਧੀਆਂ ਦੇ ਵਲਵਲਿਆਂ, ਜਜ਼ਬਿਆਂ ਦੇ ਕੋਮਲ ਭਾਵੀ ਸੁਪਨਿਆਂ ਦਾ ਗਲਾ ਘੁੱਟਣ ਤਕ ਨੂੰ ਪੇਸ਼ ਕੀਤਾ ਗਿਆ। ਮੰਚ ਦੀਆਂ ਬਾਰੀਕੀਆਂ ਤੇ ਕਲਾ ਜੁਗਤਾਂ ਰਾਹੀਂ ਕੱਚੇ ਲਿੱਪੇ ਪੋਚੇ ਕੋਠੇ, ਰੰਗ-ਬਰੰਗੀਆਂ ਕਨਾਤਾਂ-ਚਾਨਣੀਆਂ ਤੇ ਕੋਠੇ ਉਪਰ ਦੋ ਮੰਜੇ ਜੋੜ ਕੇ ਲੱਗਿਆ ਲਾਊਡ ਸਪੀਕਰ ਵਿਆਹ ਵਾਲੇ ਘਰ ਦਾ ਦ੍ਰਿਸ਼ ਹੂਬਹੂ ਸਿਰਜਿਆ ਹੋਇਆ ਸੀ।

ਅਗਲੀ ਮਹੱਤਵਪੂਰਨ ਪੇਸ਼ਕਾਰੀ ਲਾਲ ਸਿੰਘ ਦਿਲ ਦੀ ਸਵੈਜੀਵਨੀ 'ਤੇ ਆਧਾਰਤ ਵਿਵਾਦਮਈ ਤੇ ਚਰਚਿਤ ਇਕ ਪਾਤਰੀ ਨਾਟਕ 'ਦਾਸਤਾਨ-ਏ-ਲਾਲ ਸਿੰਘ ਦਿਲ' ਸੀ। ਇਸ ਨਾਟਕ ਦਾ ਲੇਖਕ, ਨਿਰਦੇਸ਼ਕ ਤੇ ਅਦਾਕਾਰ ਸੋਮਪਾਲ ਹੀਰਾ ਆਪ ਹੀ ਸੀ। ਇਕ ਘੰਟਾ ਪੰਜ ਮਿੰਟ ਵਿਚ ਪੇਸ਼ ਹੋਇਆ ਨਾਟਕ ਹਰ ਪਲ ਦਰਸ਼ਕਾਂ ਦੀ ਸੋਚ ਨੂੰ ਝੰਜੋੜਦਾ ਸੀ। ਗੁਰਦੀਪ ਧੰਜਲ ਦਾ ਸੈੱਟ, ਰਾਮ ਸਰੂਪ ਸ਼ਰਮਾ ਦੇ ਗੀਤ, ਸੋਨੂੰ ਧੀਂਗੜਾ ਦੀ ਰਿਦਮ ਅਤੇ ਚਮਕੌਰ ਛਿੱਬਰ ਦਾ ਸੰਗੀਤ ਨਾਟਕ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਵਿਸ਼ੇਸ਼ ਸਫਲ ਸੀ।

ਇਹ ਉਸ ਦੀ ਰਿਪੋਰਟ ਦੱਸਦੀ ਹੈ ਕਿ ਰਾਏਕੋਟ ਦੇ ਇਸ 'ਸਿਰਜਣਾ ਆਰਟ ਗਰੁੱਪ' ਕੋਲ ਇਕ ਐਸੀ ਟੀਮ ਮੌਜੂਦ ਹੈ ਜੋ ਕਿਸੇ ਵੀ ਵੱਡੀ ਗਿਣਤੀ ਪੇਸ਼ਕਾਰੀ ਨੂੰ ਸਫਲਤਾ ਨਾਲ ਡੀਜ਼ਾਇਨ ਕਰ ਸਕਦੀ ਹੈ। ਇਸ ਗਰੁੱਪ ਦੀ ਹੋਰ ਚਰਚਿਤ ਪੇਸ਼ਕਾਰੀ ਹੰਸ ਰਾਜ ਹੰਸ ਦੇ ਗਾਏ ਇਕ ਗੀਤ 'ਸਿਲ੍ਹੀ ਸਿਲ੍ਹੀ ਆਉਂਦੀ ਹੈ ਹਵਾ' ਉਤੇ ਆਧਾਰਿਤ ਕੋਰਿਓਗ੍ਰਾਫੀ ਹੈ, ਜਿਸ ਵਿਚ ਇਸ ਗੀਤ ਦੇ ਹਰ ਇਕ ਬੋਲ ਨਾਲ ਇਕ ਵੱਖਰੀ ਹੀ ਸਮਾਜਕ ਸਥਿਤੀ ਸਿਰਜੀ ਗਈ ਹੈ। ਇਸ ਗਰੁੱਪ ਦੀ ਇਕ ਹੋਰ ਪ੍ਰਾਪਤੀ ਬਾਬਾ ਫਰੀਦ ਦੇ ਨਾਟਕ ਮੇਲੇ ਫਰੀਦਕੋਟ ਵਿਚ ਹੋਏ ਮੁਕਾਬਲੇ ਵਿਚ ਅੱਵਲ ਆਉਣਾ ਅਤੇ 'ਦਾਸਤਾਨੇ ਲਾਲ ਸਿੰਘ ਦਿਲ' ਨੂੰ ਇਕ ਵਧੀਆ ਪੇਸ਼ਕਾਰੀ ਦੇ ਬਦਲੇ ਵਿਸ਼ੇਸ਼ ਸਨਮਾਨ ਮਿਲਣਾ ਹੈ। ਪੰਜਾਬੀ ਨਾਟਕ ਖੇਤਰ ਵਿਚ ਇਸ ਗਰੁੱਪ ਦਾ ਸਥਾਪਤ ਹੋਣਾ ਇਕ ਮੁਬਾਰਿਕ ਗੱਲ ਹੈ। ਲੁਧਿਆਣਾ ਜ਼ਿਲੇ ਵਿਚ ਪਹਿਲੇ ਸਮਰਾਲਾ ਵਿਚ ਤਰਲੋਚਨ ਸਿੰਘ ਵਲੋਂ ਸਥਾਪਤ ਆਰਟ ਸੈਂਟਰ, ਫੇਰ ਮੁੱਲਾਂਪੁਰ ਵਿਚ ਹਰਕੇਸ਼ ਚੌਧਰੀ ਅਤੇ ਸਾਥੀਆਂ ਵਲੋਂ ਲੋਕ ਕਲਾ ਕੇਂਦਰ ਸਥਾਪਤ ਹੋਣਾ ਅਤੇ ਹੁਣ ਰਾਏਕੋਟ ਵਿਚ 'ਸਿਰਜਣਾ ਆਰਟ ਗਰੁੱਪ' ਦੀ ਹੋਂਦ ਵਿਚ ਆਉਣਾ ਪੰਜਾਬੀ ਥੀਏਟਰ ਦੇ ਵਧਦੇ ਕਦਮਾਂ ਦਾ ਸੂਚਕ ਹੈ।

ਥੀਏਟਰ ਨਾਲ ਸਬੰਧਤ ਅੰਗਰੇਜ਼ੀ ਅਤੇ ਹਿੰਦੀ ਵਿਚ ਚੰਗੀਆਂ ਤੋਂ ਚੰਗੀਆਂ ਕਿਤਾਬਾਂ ਉਪਲਬਧ ਹਨ, ਪਰ ਪੰਜਾਬੀ ਵਿਚ ਇਨ੍ਹਾਂ ਦੀ ਹੋਂਦ ਨਾ ਹੋਣ ਦੇ ਬਰਾਬਰ ਹੀ ਕਹੀ ਜਾ ਸਕਦੀ ਹੈ। ਡਾ. ਕਮਲੇਸ਼ ਉੱਪਲ ਦੀ ਕਿਤਾਬ 'ਥੀਏਟਰ ਦੇ ਥੰਮ੍ਹ' ਨੇ ਇਸ ਘਾਟ ਨੂੰ ਕੁਝ ਹੱਦ ਤਕ ਪੂਰਾ ਕੀਤਾ ਹੈ। ਇਹ 140 ਸਫਿਆਂ ਦੀ ਕਿਤਾਬ ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ ਵਲੋਂ ਛਾਪੀ ਗਈ ਹੈ। ਇਸ ਵਿਚ ਵਿਸ਼ਵ ਪ੍ਰਸਿੱਧ ਨਾਟਕਕਾਰਾਂ ਦੇ ਨਿਜੀ ਜੀਵਨ ਅਤੇ ਉਨ੍ਹਾਂ ਦੀ ਨਾਟਕ ਕਲਾ ਨੂੰ ਦੇਣ ਬਾਰੇ ਸੰਖੇਪ ਜਾਣਕਾਰੀ ਹੈ। ਇਨ੍ਹਾਂ ਨਾਟਕਕਾਰਾਂ ਦੇ ਨਾਂ ਹੀ ਇਸ ਪੁਸਤਕ ਦੀ ਮਹੱਤਤਾ ਸਾਬਤ ਕਰਦੇ ਹਨ।

ਵਿਲੀਅਮ ਸ਼ੈਕਸਪੀਅਰ, ਮੋਲੀਅਰ, ਹੈਨਰਿਕ ਇਬਸਨ, ਅਗਸਟ ਸਟਰਿੰਡਬਰਗ, ਸਤਾਨਿਸਲਾਵਸਕੀ, ਐਂਟਨ ਚੈਖਵ, ਲੂਈਜੀ ਪੀਰਾਂ ਡੈਲੋ, ਡਿਊਕ ਆਫ ਸੈਕਸੇਮਾਈਨਿੰਗੇਨ, ਐਡੋਲਫ ਐਪੀਆ, ਗੌਡਨ ਕ੍ਰੇਗ, ਮੇਇਰਹੋਲਡ, ਆਂਤੋਨੀ ਆਰਤੇ, ਬਾਰਤੋਲਤ ਬ੍ਰੈਖਤ ਅਤੇ ਸੈਮੁਅਲ ਬੈੱਕਟ। ਇਨ੍ਹਾਂ ਮਹਾਨ ਨਾਟਕਕਾਰਾਂ ਬਾਰੇ ਪੜ੍ਹਨਾ, ਉਨ੍ਹਾਂ ਦੀ ਨਾਟਕ ਸ਼ੈਲੀ ਬਾਰੇ ਜਾਣਕਾਰੀ ਮਿਲਣਾ, ਪੰਜਾਬੀ ਨਾਟਕ ਦੇ ਵਿਕਾਸ ਵਿਚ ਇਕ ਜ਼ਰੂਰੀ ਕਦਮ ਹੈ। ਡਾ. ਕਮਲੇਸ਼ ਉੱਪਲ ਦੀ ਭੂਮਿਕਾ ਵਜੋਂ ਲਿਖੇ ਕੁਝ ਸ਼ਬਦ ਇਥੇ ਦੁਹਰਾਏ ਜਾ ਰਹੇ ਹਨ ਤਾਂ ਜੋ ਇਸ ਪੁਸਤਕ ਦੀ ਸਹੀ ਦੇਣ ਦਾ ਅੰਦਾਜ਼ਾ ਲਗ ਸਕੇ। ਉਹ ਲਿਖਦੇ ਹਨ: ''ਥੀਏਟਰ ਦੇ ਇਨ੍ਹਾਂ ਮਹਾਂਰਥੀਆਂ ਵਿਚ ਕੁਝ ਇਕ ਨੇ ਆਪਣੇ ਨਿੱਗਰ ਯੋਗਦਾਨ ਰਾਹੀਂ ਨਾਟ ਸਾਹਿਤ ਵਿਚ ਗੁਣਾਤਮਕ ਵਾਧਾ ਕੀਤਾ। ਨਵੀਂ ਤਰ੍ਹਾਂ ਦੇ ਨਾਟਕ ਰਚ ਕੇ ਉਨ੍ਹਾਂ ਨੇ ਨਾ ਸਿਰਫ ਨਾਟ ਸਾਹਿਤ ਨੂੰ ਸਮਰਿੱਧ ਕੀਤਾ ਸਗੋਂ ਰੰਗਮੰਚ ਨੂੰ ਨਵੀਂ ਸਮਰੱਥਾ ਬਖਸ਼ੀ।

ਥੀਏਟਰ ਦੇ ਕਿਸੇ ਵੀ ਸਮਰਿੱਧ ਯੁੱਗ ਦੀਆਂ ਲਖਾਇਕ ਉਸ ਸਮੇਂ ਦੀ ਨਾਟਕ ਲਿਖਤਾਂ ਹੀ ਹੋਇਆ ਕਰਦੀਆਂ ਹਨ। ਇਸ ਲਈ ਵਧੀਆ ਨਾਟਕਾਂ ਦੇ ਰਚੇਤਾ ਆਪਣੇ ਯੁੱਗ ਦੇ ਵਧੀਆ ਥੀਏਟਰ ਦੇ ਪ੍ਰਤੀਨਿਧ ਹੁੰਦੇ ਹਨ। ਇਸ ਪੱਖੋਂ ਸ਼ੈਕਸਪੀਅਰ, ਇਬਸਨ, ਚੈਖੋਵ, ਸਟਰਿੰਡਬਰਗ, ਪੀਰਾਂਡੈਲੋ, ਮੋਲੀਅਰ ਆਦਿ ਮਹਾਨ ਨਾਟਕਕਾਰ ਵੀ ਹਨ ਅਤੇ ਮਹਾਨ ਥੀਏਟਰ ਦੇ ਉਸਰੱਈਏ ਵੀ। ਕੁਝ ਇਕ ਨੇ ਸਟੇਜ ਉਤੇ ਪੇਸ਼ ਹੋਣ ਵਾਲੇ ਨਾਟਕ ਰੂਪ ਨੂੰ ਨਵੇਂ ਨਵੇਲੇ ਆਧਾਰ ਪ੍ਰਾਪਤ ਕਰਾਏ ਅਤੇ ਆਪਣੇ ਤਸੱਵਰਾਂ, ਤਜਰਬਿਆਂ ਅਤੇ ਇਨਕਲਾਬੀ ਵਿਚਾਰਾਂ ਦੁਆਰਾ ਆਪਣੇ ਸਮੇਂ ਦੇ ਥੀਏਟਰ ਵਿਚ ਨਵੀਂ ਰੂਹ ਫੂਕੀ।

ਇਸ ਪੁਸਤਕ ਵਿਚ ਦਰਜ ਰੰਗਮੰਚੀ ਸ਼ਖਸੀਅਤਾਂ ਵਿਚੋਂ ਬਹੁਤ ਸਾਰੀਆਂ ਉਹ ਸ਼ਖਸੀਅਤਾਂ ਹਨ ਜੋ ਚੰਗਾ ਨਾਟਕ ਲਿਖ ਸਕਣ ਦੀ ਸਮਰੱਥਾ ਰਖਦੀਆਂ ਸਨ ਜਾਂ ਨਹੀਂ, ਪਰ ਉਹ ਨਾਟਕ ਦੇ ਮੰਚਿਤ ਸਰੂਪ ਬਾਰੇ ਡਾਢੀਆਂ ਆਤੁਰ ਸਨ। ਇਹ ਉਹ ਸ਼ਖਸ ਸਨ ਜਿਨ੍ਹਾਂ ਨੇ ਆਪਣੇ ਸਮੇਂ ਵਿਚ ਹੋ ਰਹੇ ਥੀਏਟਰ ਨੂੰ ਬਦਲਦੇ ਯੁੱਗ ਦਿਆਂ ਤਕਾਜ਼ਿਆਂ ਦੇ ਸਨਮੁੱਖ ਰੱਖ ਕੇ ਉਨ੍ਹਾਂ ਨੂੰ ਨਿਰਖਿਆ, ਪਰਖਿਆ। ਜਦੋਂ ਇਹ ਥੀਏਟਰ ਉਨ੍ਹਾਂ ਨੂੰ ਸਮੇਂ ਦੀਆਂ ਲੋੜਾਂ ਪੂਰਦਾ ਨਾ ਜਾਪਿਆ ਤਾਂ ਉਸ ਦੇ ਬਦਲ ਪੇਸ਼ ਕੀਤੇ...।

ਪੰਜਾਬੀ ਥੀਏਟਰ ਬਾਰੇ ਡਾ. ਕਮਲੇਸ਼ ਉੱਪਲ ਨੇ ਸੰਖੇਪ ਵਿਚ ਆਪਣੀ ਭੂਮਿਕਾ ਵਿਚ ਹੀ ਜ਼ਿਕਰ ਕੀਤਾ ਹੈ। ਉਨ੍ਹਾਂ ਦੀ ਇਹ ਟਿੱਪਣੀ '' ਪੰਜਾਬੀ ਥੀਏਟਰ ਦੀ ਵਿਕਾਸ ਦੀ ਸਥਿਤੀ ਭਾਰਤ ਦੇ ਬਾਕੀ ਰਾਜਾਂ ਦੇ ਥੀਏਟਰ ਤੋਂ ਰਤਾ ਵੱਖਰੀ ਹੈ। ਪੰਜਾਬੀ ਥੀਏਟਰ ਨੂੰ ਮੁਢਲੀ ਜਾਗ ਪੱਛਮੀ ਨਾਟਕਾਂ ਦੇ ਅਧਿਐਨ ਤੋਂ ਅਤੇ ਯੂਰਪ ਦੀ ਇਕ ਸ਼ਖਸੀਅਤ ਨੋਰਾ ਰਿਚਰਡਜ਼ ਤੋਂ ਲਗੀ। ਇੰਝ ਯੂਰਪੀ ਥੀਏਟਰ ਤੋਂ ਪ੍ਰੇਰਨਾ ਲੈ ਕੇ ਪੰਜਾਬੀ ਜ਼ਬਾਨ ਵਿਚ ਪ੍ਰੇਰਿਆ ਜਾਂਦਾ ਡਰਾਮਾ ਸੁਤੰਤਰਤਾ ਕਾਲ ਤਕ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਰਿਹਾ।''

ਅਜੋਕੇ ਪੰਜਾਬੀ ਨਾਟਕ ਦੀ ਤੁਲਨਾ ਯੂਰਪੀ ਥੀਏਟਰ ਦੇ ਵਿਕਾਸ ਦੇ ਸੰਦਰਭ ਵਿਚ ਕਰਨ ਲਈ ਇਸ ਪੁਸਤਕ ਵਿਚ ਦਰਜ ਜਾਣਕਾਰੀ ਬੜੀ ਕੀਮਤੀ ਹੈ। ਡਾ. ਕਮਲੇਸ਼ ਉੱਪਲ ਨੂੰ ਇਸ ਮਿਹਨਤ ਲਈ ਸਲਾਮ ਕਰਨਾ ਬਣਦਾ ਹੈ।

29.9.2000

ਜਿਥ ਉਹ ਆਪਣਾ ਕੰਮ
ਕਰ ਸਕਣ। ਚੰਡੀਗੜ੍ਹ ਦੇ
ਮਈ, 2000 'ਚ ਇ
ਅਵਾਮੀ ਕਲਾ ਕੇਂਦਰ